Calgary Board of Education

ਕੈਲਗਰੀ ਬੋਰਡ ਔਫ ਐਜੁਕੇਸ਼ਨ (ਸੀ.ਬੀ.ਈ.) ਇਹ ਸਮਝਦਾ ਹੈ ਕਿ ਘੱਟ ਆਮਦਨੀ ਅਤੇ ਖਾਸ ਹਾਲਾਤਾਂ ਕਰ ਕੇ ਇਕ ਮਾਪੇ ਨੂੰ ਸਕੂਲ ਫ਼ੀਸ ਭਰਨ ਵਿਚ ਮੁਸ਼ਕਲ ਆ ਸਕਦੀ ਹੈ। ਇਸ ਲਈ, ਸੀ.ਬੀ.ਈ. ਘੱਟ ਆਮਦਨੀ ਵਾਲੇ ਮਾਪਿਆਂ ਲਈ ਇਕ ਪ੍ਰੋਗਰਾਮ ਦੀ ਪੇਸ਼ਕਸ਼ ਕਰਦਾ ਹੈ ਜੋ ਮਾਪਿਆਂ ਨੂੰ ਫ਼ੀਸ ਨਹੀਂ ਅਦਾ ਕਰਨ ਦੀ ਆਗਿਆ ਦਿੰਦਾ ਹੈ ਅਤੇ ਉਨ੍ਹਾਂ ਦੇ ਬੱਚੇ ਆਪਣੀ ਸਿੱਖਿਆ ਜਾਰੀ ਰੱਖ ਸਕਦੇ ਹਨ ਅਤੇ ਸਕੂਲ ਨਾਲ ਸਬੰਧਤ ਗਤੀਵਿਧੀਆਂ ਵਿਚ ਹਿੱਸਾ ਲੈ ਸਕਦੇ ਹਨ। ਇਸ ਨੂੰ ਫ਼ੀ ਵੇਵਰ ਪ੍ਰੋਗਰਾਮ ਆਖਿਆ ਜਾਂਦਾ ਹੈ। ਅਗਰ ਕੋਈ ਮਾਪਾ ਵੇਵਰ ਪ੍ਰੋਗਰਾਮ ਲਈ ਯੋਗ ਹੋ ਜਾਂਦਾ ਹੈ, ਉਨ੍ਹਾਂ ਨੂੰ ਟਰਾਂਸਪੋਰਟੇਸ਼ਨ (ਬੱਸ), ਨੂਨ (ਦੁਪਹਿਰ) ਸੁਪਰਵਿਜਨ ਜਾਂ ਪੜ੍ਹਾਈ ਸਬੰਧੀ ਸਪਲਾਈਆਂ ਅਤੇ ਸਮੱਗਰੀਆਂ ਲਈ ਵੀ ਪੈਸੇ ਨਹੀਂ ਭਰਨੇ ਪੈਂਦੇ। ਪਰ ਫੇਰ ਵੀ ਉਨ੍ਹਾਂ ਦੇ ਜਾਤੀ ਹਾਲਾਤ 'ਤੇ ਨਿਰਭਰ ਕਰਦੇ ਹੋਏ, ਕੁਝ ਸਕੂਲ ਫ਼ੀਸ ਭਰਨੀ ਪੈ ਸਕਦੀ ਹੈ। ਇਸ ਤੋਂ, ਇਲਾਵਾ ਉੱਪਰ ਬਿਆਨ ਕੀਤੀਆਂ ਫ਼ੀਸਾਂ ਲਈ ਮਾਪਿਆਂ ਨੂੰ ਕੋਈ ਇਨਵਾਇਸ ਨਹੀਂ ਭੇਜੇ ਜਾਣਗੇ ਅਤੇ ਫ਼ੀਸ ਨਾ ਭਰਨ ਲਈ ਇਹ ਕਲੈਕਸ਼ਨ ਏਜੰਸੀ ਕੋਲ ਵੀ ਨਹੀਂ ਭੇਜੇ ਜਾਣਗੇ।

ਇਸ ਪ੍ਰੋਗਰਾਮ ਲਈ ਅਰਜ਼ੀ ਦੇਣ ਲਈ, ਮਪਿਆਂ ਲਈ "ਫ਼ੀ ਵੇਵਰ ਐਪਲੀਕੇਸ਼ਨ 2016-17" ("Fee Waiver Application 2016-17") ਭਰਨੀ ਲਾਜ਼ਮੀ ਹੈ। ਇਹ ਫ਼ਾਰਮ, P.O. Box 5410, Station A, Calgary, T2H 1X8, ਵਿਖੇ ਜਮ੍ਹਾ ਕਰਵਾਉਣਾ ਜ਼ਰੂਰੀ ਹੈ ਜਾਂ ਇਸ ਦੇ ਨਾਲ ਘੱਟ ਆਮਦਨੀ ਹੋਣ ਦਾ ਸਬੂਤ ਨਾਲ ਲਗਾ ਕੇ, ਤੁਹਾਡੇ ਬੱਚੇ ਦੇ ਸਕੂਲ ਵਿਚ ਵੀ ਦੇ ਸਕਦੇ ਹੋ ਤਾਂ ਜੋ ਇਸ ਨੂੰ ਐਜੂਕੇਸ਼ਨ ਸੈਂਟਰ ਭੇਜਿਆ ਜਾ ਸਕੇ। ਸਬੂਤ ਦੀਆਂ ਕਿਸਮਾਂ, ਜੋ ਨਾਲ ਦੇਣੀਆਂ ਜ਼ਰੂਰੀ ਹਨ, ਉਹ "ਫਰੀ ਵੇਵਰ- ਹੌ ਟੋ ਐਪਲਾਈ 2016-17 (Free Waiver-How to apply 2016-17) ਨਾਂ ਦੇ ਡਾਕੂਮੈਂਟ (ਪਰਚੇ) ਵਿਚ ਦਿੱਤੀਆਂ ਗਈਆਂ ਹਨ।

ਇਹ ਯਕੀਨੀ ਬਣਾਉਣ ਲਈ ਕਿ ਵਿਦਿਆਰਥੀਆਂ ਨੂੰ ਸੇਵਾਵਾਂ ਮਿਲਣ, ਮਾਪਿਆਂ ਲਈ ਉਨ੍ਹਾਂ ਦੇ ਬੱਚੇ (ਬੱਚਿਆਂ) ਲਈ ਲੋੜੀਂਦੀਆਂ ਸੇਵਾਵਾਂ ਲਈ ਰਜਿਟਰੇਸ਼ਨ ਫਾਰਮ ਭਰਨੇ ਲਾਜ਼ਮੀ ਹੈ, ਜਿਨ੍ਹਾਂ ਵਿਚ ਸ਼ਾਮਲ ਹਨ:

"ਸਕੂਲ ਬੱਸ ਟਰਾਂਸਪੋਰਟੇਸ਼ਨ ਕੌਂਟਰੈਕਟ: ਰਜਿਟਰੇਸ਼ਨ ਐਂਡ ਫੀਸ ਫੌਰ ਐਲੀਜੀਬਲ ਸਟੂਡੈਂਟਸ 2016-17"

"ਸਟੂਡੈਂਟਸ ਵਿਧ ਕੌਂਪਲੈਕਸ ਲਰਨਿੰਗ ਨੀਡਜ਼ ਸਕੂਲ ਬੱਸ ਟਰਾਂਸਪੋਰਟੇਸ਼ਨ ਕੌਂਟਰੈਕਟ 2016-17"

"ਵੇਵਰ ਔਫ ਦੀ ਪਰਚੇਜ਼ ਔਫ ਕੈਲਗਰੀ ਟਰਾਂਜ਼ਿਟ ਮੰਥਲੀ ਪਾਸਿਜ 2016-17"

"ਕੇ-6 ਨੂਨ ਸੁਪਰਵਿਜ਼ਨ: ਰਜਿਟਰੇਸ਼ਨ ਫੌਰਮ 2016-17"

ਕ੍ਰਿਪਾ ਕਰ ਕੇ ਧਿਅਨ ਰੱਖਣਾ ਕਿ ਟਰਾਂਸਪੋਰਟੇਸ਼ਨ ਫੌਰਮ ਦਾ ਆਖਰੀ ਸਮਾਂ ਜੂਨ ਦੇ ਸ਼ੁਰੂ ਤੱਕ ਹੈ, ਇਸ ਲਈ ਜਿੱਨੀ ਜਲਦੀ ਹੋ ਸਕੇ ਇਹ ਫੌਰਮ ਭਰ ਦਿੱਤੇ ਜਾਣੇ ਚਾਹੀਦੇ ਹਨ।

ਅਗਰ ਮਾਪਾ ਫ਼ੀ ਵੇਵਰ ਪ੍ਰੋਗਰਾਮ ਵਿਚ ਦਰਜ ਘੱਟ ਆਮਦਨੀ ਯੋਗਤਾ ਹਾਸਲ ਨਹੀਂ ਕਰਦਾ ਤਾਂ ਵੀ ਟਰਾਂਸਪੋਰਟੇਸ਼ਨ ਫ਼ੀਸ, ਨੂਨ (ਦੁਪਹਿਰ) ਸੁਪਰਵਿਜਨ ਜਾਂ ਪੜ੍ਹਾਈ ਸਬੰਧੀ ਸਪਲਾਈਆਂ ਅਤੇ ਸਮੱਗਰੀਆਂ ਲਈ ਪੈਸਿਆਂ ਦੀ ਅਦਾਇਗੀ ਕਰਨ ਦੀ ਜ਼ਰੂਰਤ ਨੂੰ ਹਟਵਾਉਣ ਦਾ ਮੌਕਾ ਹੁੰਦਾ ਹੈ। ਇਹ ਜ਼ਰੂਰੀ ਹੁੰਦਾ ਹੈ ਕਿ ਮਾਪੇ ਆਪਣੇ ਬੱਚੇ (ਬੱਚਿਆਂ) ਦੇ ਪਰਿੰਸੀਪਲ ਨੂੰ ਮਿਲਣ ਅਤੇ ਦੱਸਣ ਕਿ ਉਹ ਫ਼ੀਸ ਕਿਉਂ ਨਹੀਂ ਭਰ ਸਕਦੇ। ਪਰਿੰਸੀਪਲ ਤੁਹਾਡੇ ਨਾਲ ਗੱਲ ਕਰੇਗਾ ਅਤੇ ਤੁਹਾਡੇ ਨਾਲ ਗੱਲਬਾਤ ਦੇ ਅਧਾਰ 'ਤੇ ਸਾਰੀ ਜਾਂ ਕੁੱਝ ਫੀਸ ਭਰਨ ਦੀ ਜ਼ਰੂਰਤ ਨੂੰ ਹਟਾ ਦੇਵੇਗਾ ਜਿਸ ਲਈ "ਪਰੰਸੀਪਲ ਐਪਰੂਵਡ ਫ਼ੀ ਵੇਵਰ ਐਪਲੀਕੇਸ਼ਨ" ਨਾਂ ਦਾ ਫਾਰਮ ਭਰਿਆ ਜਾਏਗਾ। ਜਦੋਂ ਇਕ ਵਾਰ ਪਰਿੰਸੀਪਲ ਇਹ ਫਾਰਮ ਤਿਆਰ ਕਰਵਾ ਲੈਂਦਾ ਹੈ ਤਾਂ ਮਾਪਾ ਫ਼ੀ ਵੇਵਰ ਪ੍ਰੋਗਰਾਮ ਵਿਚ ਸ਼ਾਮਲ ਹੋ ਜਾਵੇਗਾ ਅਤੇ ਘੱਟ ਆਮਦਨੀ ਵਾਲੀ ਯੋਗਤਾ ਵਾਲੇ ਫਾਇਦੇ ਮਿਲਣ ਲੱਗ ਜਾਣਗੇ। ਬੱਚਾ (ਬੱਚੇ) ਆਪਣੀ ਸਿੱਖਿਆ ਜਾਰੀ ਰੱਖ ਸਕਣਗੇ ਅਤੇ ਸਕੂਲ ਨਾਲ ਸਬੰਧਤ ਗਤੀਵਿਧੀਆਂ ਵਿਚ ਹਿੱਸਾ ਲੈ ਸਕਣਗੇ। ਇਸ ਤੋਂ ਇਲਾਵਾ, ਉਪਰੋਕਤ ਦਰਜ ਫ਼ੀਸਾਂ ਲਈ ਮਾਪਿਆਂ ਨੂੰ ਇਨਵਾਇਸ ਨਹੀਂ ਭੇਜੇ ਜਾਣਗੇ ਅਤੇ ਫ਼ੀਸ ਨਾ

ਭਰਨ ਲਈ ਇਹ ਕਲੈਕਸ਼ਨ ਏਜੰਸੀ ਕੋਲ ਵੀ ਨਹੀਂ ਭੇਜੇ ਜਾਣਗੇ। ਹਾਲੀ ਵੀ ਮਾਪੇ ਨੂੰ ਪਰਿੰਸੀਪਲ ਨਾਲ ਕੀਤੇ ਬੰਦੋਬਸਤ ਦੇ ਮੁਤਾਬਕ ਫ਼ੀਸ ਭਰਨ ਦੀ ਲੋੜ ਹੋ ਸਕਦੀ ਹੈ।

ਅਗਰ ਤੁਹਾਨੂੰ ਭਾਸ਼ਾ ਅਨੁਵਾਦ (ਇੰਟਰਪਰਟੇਸ਼ਨ) ਸੇਵਾਵਾਂ ਦੀ ਲੋੜ ਹੈ, ਤਾਂ ਆਪਣੇ ਬੱਚੇ ਦੇ ਸਕੂਲ ਨੂੰ ਦੱਸੋ ਤਾਂ ਜੋ ਉਹ ਦੋਭਾਸ਼ੀਏ (ਇੰਟਰਪਰੇਟਰ) ਦਾ ਬੰਦੋਬਸਤ ਕਰ ਸਕਣ।

ਧੰਨਵਾਦ।